ਅ.ਸ.ਪੱ.ਨੰ:1/23/●9 ਰਸ 1 / 914-953
Chief Secretary to Govt. of Punjab
Chandigarh-160 001

ਮੁੱਖ ਸਕੱਤਰ, ਪੰਜਾਬ ਸਰਕਾਰ
ਚੰਡੀਗੜ੍ਹ-16● ●●1

S.C Agrawal
ਐਸ.ਸੀ. ਅਗਰਾਵਾਲ

Phone/ ਫੋਨ:0172-2740156, 2740860
Fax/ ਫੈਕਸ:2742488
E-mail:cs@punjabmail.gov.in

ਮਿਤੀ, ਚੰਡੀਗੜ੍ਹ: ●9 ਜੁਲਾਈ, 2●●9

ਵਿਸ਼ਾ:- ਰਿਜ਼ਰਵੇਸ਼ਨ ਪਾਲਿਸੀ ਦੀ ਇੰਨ-ਬਿੰਨ ਪਾਲਣਾ ਕਰਨ ਬਾਰੇ।

**ਪਿਆਰੇ ਪ੍ਰਬੰਧਕੀ ਸਕੱਤਰ,**

ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਐਲੋਕੇਸ਼ਨ ਆਫ ਬਿਜਨਸ ਰੂਲਜ਼, 2●●7 ਰਾਹੀਂ ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਦਾ ਅਧਿਕਾਰ-ਖੇਤਰ ਨਿਰਧਾਰਤ ਕੀਤਾ ਗਿਆ ਹੈ। ਇਹਨਾਂ ਰੂਲਾਂ ਦੇ ਲੜੀ ਨੰ: 42 ਦੇ ਲੜੀ ਨੰ: 6 ਅਤੇ 7 ਰਾਹੀਂ ਕ੍ਰਮਵਾਰ ਦਾਖਲਿਆਂ ਅਤੇ ਸੇਵਾਵਾਂ ਸਬੰਧੀ ਰਾਖਵਾਂਕਰਨ ਨੀਤੀ ਤਿਆਰ ਕਰਨ ਅਤੇ ਉਸ ਨੂੰ ਲਾਗੂ ਕਰਨ ਦੇ ਅਧਿਕਾਰ ਭਲਾਈ ਵਿਭਾਗ ਨੂੰ ਦਿੱਤੇ ਗਏ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

6. Formulation of Policy and implementation of reservation in admission to technical training institutions, professional courses and matters relating thereto.
7. Formulation of policy and implementation of reservation in services at the time of recruitment ,appointment and promotion for the members of Scheduled Castes, Scheduled Tribes and Backward Classes.

2. ਇਸ ਸਬੰਧ ਵਿੱਚ ਭਲਾਈ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਸਵੈ-ਸਪੱਸ਼ਟ ਹਦਾਇਤਾਂ ਅਤੇ ਸਲਾਹਾਂ ਦੇ ਬਾਵਜੂਦ ਵੀ ਕਈ ਵਿਭਾਗਾਂ ਵੱਲੋਂ ਰਿਜ਼ਰਵੇਸ਼ਨ ਨੀਤੀ ਦੀ ਉਲੰਘਣਾ ਕੀਤੀ ਜਾ ਰਹੀ ਹੈ। ਜਦਕਿ ਭਲਾਈ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਤੇ ਦਿੱਤੀਆਂ ਗਈਆਂ ਸਲਾਹਾਂ ਦੀ ਇੰਨਬਿੰਨ ਪਾਲਣਾ ਕੀਤੀ ਜਾਣੀ ਬਣਦੀ ਹੈ।

3. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਸੇਵਾਵਾਂ ਵਿੱਚ ਬਣਦੀ ਪ੍ਰਤੀਨਿਧਤਾ ਦਿਵਾਉਣ ਦੇ ਉਦੇਸ਼ ਨਾਲ "ਦੀ ਪੰਜਾਬ ਸ਼ਡਿਊਲਡ ਕਾਸਟਸ ਐਂਡ ਬੈਕਵਰਡ ਕਲਾਸਿਜ਼ (ਰਿਜ਼ਰਵੇਸ਼ਨ ਇੰਨ ਸਰਵਿਸਜ਼) ਐਕਟ, 2●●6" ਵੀ ਬਣਾਇਆ ਗਿਆ ਹੈ। ਇਸ ਐਕਟ ਦੀ ਧਾਰਾ 8 ਅਧੀਨ ਹੇਠ ਲਿਖਿਆ ਉਪਬੰਧ ਕੀਤਾ ਗਿਆ ਹੈ:-

> "If any officer or official is found guilty of committing any omission or commission in contravening the provisions of this Act, he shall be punishable under the provisions of the Punjab Civil Services (Punishment and Appeal) Rules 1970 or any other relevant service Rules."

ਇਸ ਤਰ੍ਹਾਂ ਜੇਕਰ ਕੋਈ ਕਰਮਚਾਰੀ/ਅਧਿਕਾਰੀ ਇਸ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਵੱਲੋਂ ਕੀਤੀ ਗਈ ਕੋਤਾਹੀ 'ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਰੂਲਜ਼, 197●' ਅਤੇ ਹੋਰ ਸਬੰਧਤ ਵਿਭਾਗੀ ਸੇਵਾ ਨਿਯਮਾਂ ਦੇ ਸਨਮੁੱਖ ਦੰਡਯੋਗ ਹੋਵੇਗੀ। ਇਸ ਦੇ ਬਾਵਜੂਦ ਵੀ ਕਈ ਵਿਭਾਗਾਂ ਵੱਲੋਂ ਰੁਟੀਨ ਵਿੱਚ ਹੀ ਰਿਜ਼ਰਵੇਸ਼ਨ ਨੀਤੀ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਸਕੱਤਰ,

ਚਲਦਾ.....2

ਪੰਜਾਬ ਸਰਕਾਰ, ਭਲਾਈ ਵਿਭਾਗ ਵੱਲੋਂ ਘੱਟੋ ਘੱਟ ਦੋ ਕੇਸ, ਜਿਹਨਾਂ ਵਿੱਚ ਰਿਜ਼ਰਵੇਸਨ ਨੀਤੀ ਅਤੇ ਭਲਾਈ ਵਿਭਾਗ ਵੱਲੋਂ ਦਿੱਤੀਆਂ ਗਈਆਂ ਸਲਾਹਾਂ ਨੂੰ ਨਜ਼ਰ-ਅੰਦਾਜ਼ ਕਰਕੇ ਅਨੁਸੂਚਿਤ ਜਾਤੀ ਦੇ ਯੋਗ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਬਣਦੇ ਹੱਕਾਂ ਤੋਂ ਵਾਂਝੇ ਰੱਖਿਆ ਗਿਆ ਹੈ, ਮੇਰੇ ਧਿਆਨ ਵਿੱਚ ਲਿਆਂਦੇ ਹਨ।

4. ਇਸ ਵਿਸ਼ੇ ਦੇ ਸਬੰਧ ਵਿੱਚ ਮੈਂ ਆਪ ਜੀ ਦਾ ਧਿਆਨ 'The Scheduled Castes and the Scheduled Tribes (Prevention of Atrocities) Act, 1989 ਵੱਲ ਵੀ ਦਿਵਾਉਣਾ ਚਾਹੁੰਦਾ ਹਾਂ। ਇਸ ਐਕਟ ਵਿੱਚ ਅਨੁਸੂਚਿਤ ਜਾਤੀ ਤੇ ਜਨਜਾਤੀ ਦੇ ਲੋਕਾਂ ਅਤੇ ਕਰਮਚਾਰੀਆਂ ਲਈ ਕੁੱਝ ਪ੍ਰੋਟੈਕਸ਼ਨ (Protections) ਦਿੱਤੀਆਂ ਗਈਆਂ ਹਨ। ਇਸ ਐਕਟ ਦੀ ਧਾਰਾ 3(1) ਦੀਆਂ ਵੱਖ ਵੱਖ ਸਬ-ਧਾਰਾਵਾਂ ਵਿੱਚ ਦਰਜ ਪ੍ਰੋਵੀਜ਼ਨਜ਼ ਖਾਸ ਕਰਕੇ false prosecution, false litigation and false legal proceedings section 3(1)(viii) ਅਨੁਸਾਰ withdrawal of promotion and delaying promotion, atrocity ਦੀ ਪ੍ਰੀਭਾਸਾ ਹੇਠ ਕਵਰ ਹੁੰਦਾ ਹੈ ਤੇ ਅਜਿਹੀਆਂ ਕੁਤਾਹੀਆਂ ਕਰਨ ਵਾਲੇ ਅਧਿਕਾਰੀਆਂ ਖਿਲਾਫ ਇਸੇ ਐਕਟ ਦੀ ਧਾਰਾ-3 (2) ਅਧੀਨ ਦਰਜ ਵੱਖ ਵੱਖ ਸਜ਼ਾਵਾਂ, ਜੋ ਕਿ 7 (ਸੱਤ) ਸਾਲ ਜਾਂ ਉਸ ਤੋਂ ਉੱਪਰ ਦੀ ਸਜ਼ਾ ਸ਼ਾਮਿਲ ਹੈ, ਦਿੱਤੀਆਂ ਜਾ ਸਕਦੀਆਂ ਹਨ।

5. ਰਿਜ਼ਰਵੇਸ਼ਨ ਨੀਤੀ ਸਬੰਧੀ ਭਲਾਈ ਵਿਭਾਗ ਤੋਂ ਇਲਾਵਾ ਹੋਰ ਕਿਸੇ ਵੀ ਵਿਭਾਗ ਵੱਲੋਂ ਜਾਰੀ ਕੀਤੀ ਗਈ ਸਲਾਹ/ਹਦਾਇਤਾਂ ਮੰਨਣਯੋਗ ਨਹੀਂ ਹਨ ਕਿਉਂਕਿ ਰਿਜਰਵੇਸਨ ਨੀਤੀ ਸਬੰਧੀ ਹਦਾਇਤਾਂ/ਸਲਾਹ ਜਾਰੀ ਕਰਨ ਲਈ ਕੇਵਲ ਭਲਾਈ ਵਿਭਾਗ ਹੀ ਨੋਡਲ ਵਿਭਾਗ ਹੈ। ਜੇ ਕੋਈ ਡਿਫਰੈਂਸ ਆਫ ਓਪੀਨੀਅਨ (difference of opinion) ਹੋਵੇ ਤਾਂ ਉਹ ਕੇਸ ਨਿਮਨਹਸਤਾਖਰ ਨੂੰ ਨਿਯਮਾਂ ਅਨੁਸਾਰ ਰੈਫਰ ਕੀਤਾ ਜਾ ਸਕਦਾ ਹੈ।

6. ਇਸ ਲਈ ਮੈਂ ਚਾਹਾਂਗਾ ਕਿ ਭਲਾਈ ਵਿਭਾਗ ਵੱਲੋਂ ਬਣਾਈ ਗਈ ਰਿਜ਼ਰਵੇਸ਼ਨ ਨੀਤੀ ਦੀ ਕਿਸੇ ਵੀ ਢੰਗ ਨਾਲ ਉਲੰਘਣਾ ਨਾ ਕੀਤੀ ਜਾਵੇ ਅਤੇ ਉਹਨਾਂ ਵੱਲੋਂ ਰਿਜ਼ਰਵੇਸ਼ਨ ਨੀਤੀ ਸਬੰਧੀ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਦਿੱਤੀਆਂ ਗਈਆਂ ਸਲਾਹਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਤਾਂ ਕਿ ਰਿਜ਼ਰਵੇਸਨ ਐਕਟ, 2006 ਦੇ ਸੈਕਸ਼ਨ-8 ਅਧੀਨ ਜਾਂ ਅਜਿਹੇ ਹੋਰ ਐਕਟਸ ਵਿੱਚ ਦਰਜ ਮਹਿਕਮਾਨਾ ਜਾਂ ਫੌਜਦਾਰੀ ਪ੍ਰੋਸੀਡਿੰਗਜ਼ ਤੋਂ ਬਚਿਆ ਜਾ ਸਕੇ।

ਹਿਤੂ,
**ਸਹੀ**/-
(ਐਸ.ਸੀ. ਅਗਰਾਵਾਲ)

ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ/
ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ।

**ਪਿੱਠ ਅੰਕਣ ਨੰ: 1/23/09-ਰਸ 1/ 957-959** **ਮਿਤੀ,ਚੰਡੀਗੜ੍ਹ: 09 ਜੁਲਾਈ 2009**

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖੀ।
(2) ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰ।
(3) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

ਮੁੱਖ ਸਕੱਤਰ